# Joint Press Release of the 16th Round of India-China Corps Commander Level Meeting

July 18, 2022

---

## ਭਾਰਤ-ਚੀਨੀ ਕੋਰ ਕਮਾਂਡਰ ਪੱਧਰ ਮੀਟਿੰਗ ਦੇ 16ਵੇਂ ਰਾਊਂਡ ਦੀ ਸੰਯੁਕਤ ਪ੍ਰੈਸ ਵਾਰਤਾ

ਜੁਲਾਈ 18, 2022

ਭਾਰਤ-ਚੀਨੀ ਕੋਰ ਕਮਾਂਡਰ ਪੱਧਰ ਦੀ ਮੀਟਿੰਗ ਦਾ 16ਵਾਂ ਰਾਊਡ, 17 ਜੁਲਾਈ, 2022 ਨੂੰ ਭਾਰਤ ਦੇ ਚੁਸ਼ੁਲ-ਮੋਲਡੋ ਸਰਹੱਦ ਮੀਟਿੰਗ ਪੁਆਇੰਟ ਵਿਖੇ ਰੱਖਿਆ ਗਿਆ ।

11 ਮਾਰਚ, 2022 ਦੀ ਪਿੱਛਲੀ ਮੀਟਿੰਗ ਦੌਰਾਨ ਹੋਏ ਵਿਕਾਸ ਦੇ ਆਧਾਰ, ਉੱਤੇ ਦੋਵੇਂ ਧਿਰਾਂ ਨੇ ਪੱਛਮੀ ਖੇਤਰ ਦੇ ਵਿੱਚ ਐੱਲਏਸੀ ਦੇ ਨਾਲ ਸੰਬੰਧਤ ਮਸਲਿਆਂ ਨੂੰ ਅਗਾਂਹਵਧੂ ਅਤੇ ਉਸਾਰੂ ਢੰਗ ਦੇ ਨਾਲ ਹੱਲ ਕਰਨ ਦੇ ਲਈ ਵਿਚਾਰ ਵਟਾਂਦਰਾ ਜਾਰੀ ਰੱਖਿਆ। ਬਾਕੀ ਦੇ ਮਸਲਿਆਂ ਦੇ ਜਲਦ ਤੋਂ ਜਲਦ ਹੱਲ ਦੇ ਲਈ ਕੰਮ ਕਰਨ ਦੇ ਲਈ ਸੂਬਾ ਆਗੂਆਂ ਦੁਆਰਾ ਦਿੱਤੇ ਗਏ ਨਿਰਦੇਸ਼ਾਂ ਨੂੰ ਧਿਆਨ ਵਿੱਚ ਰੱਖਦਿਆਂ, ਉਨ੍ਹਾਂ ਨੇ ਇਸ ਸੰਬੰਧ ਦੇ ਵਿੱਚ ਖੁੱਲ੍ਹ ਕੇ, ਡੂੰਘੇ ਵਿਚਾਰਾਂ ਦੀ ਵਾਰਤਾ ਕੀਤੀ। ਦੋਵੇਂ ਧਿਰਾਂ ਨੇ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਕਿ ਬਾਕੀ ਮਸਲਿਆਂ ਦੇ ਸਮਾਧਾਨਾਂ ਦੇ ਨਾਲ ਪੱਛਮੀ ਖੇਤਰਾਂ ਵਿੱਚ ਐੱਲਏਸੀ ਵਿਖੇ ਅਮਨ ਅਤੇ ਸ਼ਾਂਤੀ ਬਹਾਲ ਕਰਨ ਵਿੱਚ ਮਦਦ ਮਿਲੇਗੀ ਅਤੇ ਬਾਈਲੇਟਰਲ ਸੰਬੰਧਾਂ ਵਿੱਚ ਵਿਕਾਸ ਨੂੰ ਸਮਰੱਥ ਬਣਾਉਣਾ ਮੁਮਕਿਨ ਕੀਤਾ ਜਾ ਸਕੇਗਾ।

ਇਸੇ ਦੌਰਾਨ ਹੀ, ਦੋਵੇਂ ਧਿਰਾਂ ਨੇ ਪੱਛਮੀ ਖੇਤਰਾਂ ਵਿੱਚ ਜ਼ਮੀਨੀ ਪੱਧਰ ਉੱਤੇ ਸੁਰੱਖਿਆ ਅਤੇ ਸਥਿਰਤਾ ਨੂੰ ਬਣਾਏ ਰੱਖਣ ਲਈ ਸਹਿਮਤੀ ਪੇਸ਼ ਕੀਤੀ। ਦੋਵੇਂ ਧਿਰਾਂ ਨੇ ਨੇੜਿਓਂ ਸੰਪਰਕ ਵਿੱਚ ਰਹਿਣ ਅਤੇ ਮਿਲਟਰੀ ਅਤੇ ਡਿਪਲੋਮੈਟਿਕ ਚੈਨਲਾਂ ਦੇ ਰਾਹੀ ਵਾਰਤਾ ਬਣਾਈ ਰੱਖਣ ਅਤੇ ਬਾਕੀ ਮਸਲਿਆਂ ਦਾ ਜਲਦ ਤੋਂ ਜਲਦ ਆਪਸੀ ਤੌਰ ਉੱਤੇ ਸਵੀਕਾਰ-ਯੋਗ ਹੱਲ ਕੱਢਣ ਬਾਰੇ ਸਹਿਮਤੀ ਪ੍ਰਗਟਾਈ।

**ਨਵੀਂ ਦਿੱਲੀ**
**ਜੁਲਾਈ 18, 2022**

DISCLAIMER: This is an approximate translation. The original is available in English on MEA's website and may be referred to as the official press release.